BRAMPTON Flower City

brampton.ca

media release

9 ਨਵੰਬਰ, 2018

# ਲੋਕਾਂ ਨੂੰ ਡੇਟਾ ਅਤੇ ਤਕਨੀਕ ਨਾਲ ਜੋੜਨ ਲਈ ਬ੍ਰੈਂਪਟਨ ਦੇ ਫੋਕਸ ਨੂੰ ਮਿਲੀ ਰਾਸ਼ਟਰੀ ਮਾਨਤਾ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਸਮਝਦੀ ਹੈ ਕਿ ਓਪਨ ਡੇਟੇ ਤੱਕ ਪਹੁੰਚਯੋਗਤਾ ਵਿੱਚ ਸੋਧ ਕਰਨਾ ਇਸਦੀਆਂ ਸੇਵਾਵਾਂ ਅਤੇ ਪ੍ਰੋਗਰਾਮਾਂ ਦਾ ਮੁਲਾਂਕਣ ਕਰਨ, ਇਸਨੂੰ ਬਿਹਤਰ ਬਣਾਉਣ, ਅਤੇ ਵਿਸ਼ਲੇਸ਼ਣ ਕਰਨ ਲਈ ਮਹੱਤਵਪੂਰਨ ਹੈ।

8 ਨਵੰਬਰ ਨੂੰ, ਕੈਨੇਡਿਅਨ ਓਪਨ ਡੇਟਾ ਸਮਿਟ (Canadian Open Data Summit) ਵਿੱਚ ਓਪਨ ਡੇਟਾ ਐਕਸੈਸਿਬਿਲਿਟੀ ਅਵਾਰਡ (Open Data Accessibility Award) ਦੇ 2018 ਦੇ ਜੇਤੂ ਦੇ ਤੌਰ ਤੇ, ਇੱਕ ਰਾਸ਼ਟਰੀ ਆਗੂ ਵਜੋਂ ਬ੍ਰੈਂਪਟਨ ਦੇ ਜਿਓਹਬ (Geohub) ਨੂੰ ਮਾਨਤਾ ਦਿੱਤੀ ਗਈ।

ਡੇਟਾ ਇਕੱਤਰ ਕਰਨਾ ਅਤੇ ਸਾਂਝਾ ਕਰਨਾ, ਭਾਈਚਾਰੇ ਨਾਲ ਜੁੜਨ ਨੂੰ ਵੱਧ ਅਸਾਨ ਬਣਾਉਂਦਾ ਹੈ। ਸਿਟੀ ਡੇਟੇ ਨੂੰ ਨਵੀਨਤਾ ਦੇ ਇੱਕ ਮਹੱਤਵਪੂਰਨ ਸੰਚਾਲਕ ਦੇ ਤੌਰ ਤੇ ਦੇਖਦੀ ਹੈ – ਪੈਟਰਨ ਅਤੇ ਰੁਝਾਨਾਂ ਨੂੰ ਸਮਝਣਾ ਸਮਾਰਟ ਸਿਟੀ (Smart City) ਦੀਆਂ ਉਹਨਾਂ ਤਕਨੀਕਾਂ ਦੀ ਸਮਰੱਥਾ ਦਾ ਪ੍ਰਮਾਣ ਦਿੰਦਾ ਹੈ, ਜੋ ਬ੍ਰੈਂਪਟਨ ਦੇ ਨਿਵਾਸੀਆਂ ਲਈ ਰੋਜ਼ਾਨਾ ਦੀ ਜੀਵਨ ਕੁਆਲਿਟੀ ਨੂੰ ਵਧਾਉਂਦੀਆਂ ਹਨ।

ਚੀਫ ਇਨਫਰਮੇਸ਼ਨ ਅਫ਼ਸਰ, ਕੈਥਰੀਨ ਕੁਲਸਨ (Katharine Kulson) ਨੇ ਕਿਹਾ, "ਦੁਨੀਆਭਰ ਵਿੱਚ, ਅਸੀਂ ਸ਼ਹਿਰੀ ਕੇਂਦਰਾਂ ਵਿੱਚ ਤਕਨੀਕੀ ਨਵੀਨਤਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੁੰਦੇ ਦੇਖ ਰਹੇ ਹਾਂ।" ਉਹਨਾਂ ਨੇ ਅੱਗੇ ਕਿਹਾ, "ਨਿਵਾਸੀਆਂ, ਕਾਰੋਬਾਰੀਆਂ, ਨਿਵੇਸ਼ਕਾਂ, ਵਿਦਿਆਰਥੀਆਂ ਅਤੇ ਹੋਰਾਂ ਲਈ ਡੇਟੇ ਨੂੰ ਪਹੁੰਚਯੋਗ ਬਣਾਉਣਾ ਸਾਡੇ 2040 ਵਿਜ਼ਨ (2040 Vision) ਦੇ ਹਿੱਸੇ ਵਜੋਂ ਆਰਥਿਕ ਅਤੇ ਸਮਾਜਿਕ ਸਹਿਯੋਗ, ਜਨਤਕ ਸਿਹਤ ਅਤੇ ਭਾਈਚਾਰੇ ਦੀ ਸੁਰੱਖਿਆ ਲਈ ਬੇਜੋੜ ਸਹਿਯੋਗ ਦੇ ਰਸਤੇ ਤਿਆਰ ਕਰਦਾ ਹੈ। ਸਮਾਰਟ ਸਿਟੀ ਹੋਣ ਦਾ ਇਹੀ ਮਤਲਬ ਹੈ: ਜੀਵਨ ਕੁਆਲਿਟੀ ਨੂੰ ਵਧਾਉਣ ਲਈ ਤਕਨੀਕ ਦੀ ਵਰਤੋਂ ਕਰਨਾ।"

ਬ੍ਰੈਂਪਟਨ ਦੇ 2040 ਵਿਜ਼ਨ (2040 Vision) ਦਾ ਸੰਚਾਲਨ ਪੰਜ ਤਰੀਕਿਆਂ ਨਾਲ ਕੀਤਾ ਗਿਆ ਹੈ – ਜਿਹਨਾਂ ਵਿੱਚੋਂ ਇੱਕ "ਤਕਨੀਕ" ਹੈ। ਸਮਾਰਟ ਸਿਟੀ ਕਾਰਜਨੀਤੀ ਅਜਿਹਾ ਢਾਂਚਾ ਹੈ, ਜੋ ਸਿਟੀ ਨੂੰ ਇਸ ਬਾਰੇ ਜ਼ਿੰਮੇਵਾਰੀ ਲੈਣ ਵਿੱਚ ਸਮਰੱਥ ਬਣਾਉਂਦੇ ਹੋਏ, ਇਸ ਦ੍ਰਿਸ਼ਟੀਕੋਣ ਨੂੰ ਸਹਿਯੋਗ ਦੇਵੇਗਾ ਕਿ ਤਕਨੀਕ ਬ੍ਰੈਂਪਟਨ ਨੂੰ ਕਿਵੇਂ ਬਿਹਤਰ ਬਣਾਉਂਦੀ ਹੈ। ਪਰੰਪਰਿਕ ਸ਼ਹਿਰੀ ਨਿਰਮਾਣ ਨੂੰ ਚੁਣੌਤੀ ਦੇ ਕੇ, 2040 ਵਿਜ਼ਨ ਅਤੇ ਸਮਾਰਟ ਸਿਟੀ ਕਾਰਜਨੀਤੀ ਨਿੱਜੀ ਅਤੇ ਜਨਤਕ ਸੈਕਟਰ ਵਿਚਕਾਰ ਇੱਕ ਸਾਂਝੀ ਜ਼ਿੰਮੇਵਾਰੀ ਪੈਦਾ ਕਰਦੀ ਹੈ।

**ਹੋਰ ਜਾਣੋ**

ਬ੍ਰੈਂਪਟਨ ਦੀ ਜਿਓਹਬ ਇੱਕ ਮਲਟੀਪਲ ਅਵਾਰਡ-ਜੇਤੂ ਓਪਨ ਡੇਟਾ ਸਾਈਟ ਹੈ। ਜਿਓਹਬ ਮਿਊਨਿਸਿਪਲ ਦੀਆਂ ਹੋਰ ਓਪਨ ਡੇਟਾ ਸਾਈਟਾਂ ਤੋਂ ਵੱਖ ਹੈ ਕਿਉਂਕਿ ਇਹ ਡੇਟਾ ਡਾਊਨਲੋਡ ਤੋਂ ਕਿਤੇ ਵਧ ਕੇ ਹੈ – ਲੋਕੀਂ ਦ੍ਰਿਸ਼ਟੀਗਤ ਚਿਤਰਨ (ਵਿਜ਼ੁਅਲਾਈਜ਼ੇਸ਼ਨ) ਅਤੇ ਵਿਸ਼ਲੇਸ਼ਣ ਟੂਲਸ ਰਾਹੀਂ ਸਿਟੀ ਦੇ ਡੇਟੇ ਨਾਲ ਸੰਪਰਕ ਕਰ ਸਕਦੇ ਹਨ।

- video about our GeoHub and how to use open data (ਸਾਡੇ ਜਿਓਹਬ ਬਾਰੇ ਅਤੇ ਇਸ ਬਾਰੇ ਇੱਕ ਵੀਡੀਓ ਦੇਖੋ ਕਿ ਓਪਨ ਡੇਟਾ ਦੀ ਵਰਤੋਂ ਕਿਵੇਂ ਕਰਨੀ ਹੈ) ਦੇਖੋ।
- ਬ੍ਰੈਂਪਟਨ ਦੇ ਸੇਵਾ ਪ੍ਰਦਰਸ਼ਨ ਅਤੇ ਭਾਈਚਾਰਕ ਉਪਾਵਾਂ ਬਾਰੇ ਜਾਣਕਾਰੀ ਲਈ City Dashboard (ਸਿਟੀ ਡੈਸ਼ਬੋਰਡ) ਦੇਖੋ।

- ਇਹ ਜਾਣਨ ਲਈ ਕਿ ਸਾਡੇ ਭਾਈਚਾਰੇ ਲਈ ਕੀ ਮਹੱਤਵਪੂਰਨ ਹੈ Brampton 2040 Vision (ਬ੍ਰੈਂਪਟਨ 2040 ਵਿਜ਼ਨ) ਪੜ੍ਹੋ।
- ਸਿਟੀ ਦੇ maps (ਨਕਸ਼ਿਆਂ), apps (ਐਪਾਂ), stories (ਕਹਾਣੀਆਂ) ਅਤੇ datasets (ਡੇਟਾਸੈੱਟਾਂ) ਦੀ ਪੂਰੀ ਪੜਤਾਲ ਕਰੋ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਕ੍ਰਿਸਟੀਨ ਸ਼ਰਮਾ (Christine Sharma)
ਮੀਡੀਆ ਰਿਲੇਸ਼ਨਸ
ਸਿਟੀ ਆਫ ਬ੍ਰੈਂਪਟਨ
905.874.2880 | christine.sharma@brampton.ca